Punjabi | ਪੰਜਾਬੀ

# ਅਰਲੀ ਲਰਨਿੰਗ ਵਿਕਟੋਰੀਆ (Early Learning Victoria)

## ਵਿਕਟੋਰੀਆ ਦਾ ਸਿੱਖਿਆ ਵਿਭਾਗ ਸਟੇਕਹੋਲਡਰ ਪੈਕ



ਅਕਤੂਬਰ 2025

## ਜਾਣ-ਪਛਾਣ

ਅਰਲੀ ਲਰਨਿੰਗ ਵਿਕਟੋਰੀਆ, ਵਿਕਟੋਰੀਆ ਸਰਕਾਰ ਦੀ ਇੱਕ ਸੰਸਥਾ ਹੈ ਜੋ ਉੱਚ-ਗੁਣਵੱਤਾ ਵਾਲੀ ਸਿੱਖਿਆ ਅਤੇ ਦੇਖਭਾਲ ਪ੍ਰਦਾਨ ਕਰਦੀ ਹੈ। ਅਸੀਂ ਸਾਰੇ ਬੱਚਿਆਂ ਦੀ ਸਹਾਇਤਾ ਲਈ ਸਵਾਗਤ ਕਰਨ ਵਾਲੇ ਅਤੇ ਦਿਲਚਸਪ ਸਥਾਨਾਂ ਦੀ ਪੇਸ਼ਕਸ਼ ਕਰਦੇ ਹਾਂ। ਸਾਡੇ ਸਿੱਖਿਆ ਪ੍ਰੋਗਰਾਮ ਅਤੇ ਅਧਿਆਪਨ ਤਰੀਕੇ ਖੋਜ ਦੁਆਰਾ ਪ੍ਰੇਰਿਤ ਹੁੰਦੇ ਹਨ ਅਤੇ ਹਰੇਕ ਬੱਚੇ ਦੀਆਂ ਸਿੱਖਣ ਅਤੇ ਵਿਕਾਸ ਦੀਆਂ ਲੋੜਾਂ ਦੇ ਅਨੁਸਾਰ ਤਿਆਰ ਕੀਤੇ ਗਏ ਹੁੰਦੇ ਹਨ।

ਸਾਡੇ ਕੇਂਦਰ ਤਿੰਨ ਅਤੇ ਚਾਰ ਸਾਲ ਦੇ ਬੱਚਿਆਂ ਲਈ ਲੰਮੇ ਦਿਨ ਦੀ ਦੇਖਭਾਲ ਅਤੇ ਕਿੰਡਰ ਪ੍ਰੋਗਰਾਮ ਪੇਸ਼ ਕਰਦੇ ਹਨ।

ਅਰਲੀ ਲਰਨਿੰਗ ਵਿਕਟੋਰੀਆ ਅਤੇ ਵਿਕਟੋਰੀਆ ਭਰ ਵਿੱਚ ਨਵੇਂ ਕੇਂਦਰਾਂ ਦੀ ਸ਼ੁਰੂਆਤ ਦੇ ਨਾਲ, ਅਸੀਂ ਇਹ ਸਟੇਕਹੋਲਡਰ ਪੈਕ ਤਿਆਰ ਕੀਤਾ ਹੈ — ਜਿਸ ਵਿੱਚ ਮੁੱਖ ਸੁਨੇਹੇ, ਦਾਖਲੇ ਦੇ ਵੇਰਵੇ ਅਤੇ ਹੋਰ ਜਾਣਕਾਰੀ ਸ਼ਾਮਲ ਹੈ, ਤਾਂ ਜੋ ਤੁਸੀਂ ਇਹ ਜਾਣਕਾਰੀ ਆਪਣੇ ਭਾਈਚਾਰੇ ਨਾਲ ਸਾਂਝੀ ਕਰ ਸਕੋ।



Early Learning Victoria

# ਸਾਡੇ ਕੇਂਦਰਾਂ ਬਾਰੇ

- **ਸਭ ਨੂੰ ਸ਼ਾਮਲ ਕਰਨ ਵਾਲੇ ਅਤੇ ਸੁਆਗਤੀ:**

  ਸਾਡੇ ਸੈਂਟਰ ਸਭਨਾਂ ਨੂੰ ਸ਼ਾਮਲ ਕਰਨ ਵਾਲੇ ਹਨ, ਅਤੇ ਅਸੀਂ ਸਾਰੇ ਸੱਭਿਆਚਾਰਾਂ ਅਤੇ ਪਿਛੋਕੜਾਂ ਦੇ ਪਰਿਵਾਰਾਂ ਦਾ ਸਵਾਗਤ ਕਰਦੇ ਹਾਂ। ਸਾਡੇ ਸੈਂਟਰ ਤੁਹਾਡੇ ਭਾਈਚਾਰੇ ਦਾ ਹਿੱਸਾ ਹਨ। ਇਹ ਆਮ ਤੌਰ 'ਤੇ ਪ੍ਰਾਇਮਰੀ ਸਕੂਲਾਂ ਅਤੇ ਹੋਰ ਕਮਿਊਨਿਟੀ ਸੇਵਾਵਾਂ ਦੇ ਨੇੜੇ ਸਥਿਤ ਹੁੰਦੇ ਹਨ, ਜਿਸ ਨਾਲ ਤੁਹਾਨੂੰ ਇੱਕੋ ਥਾਂ 'ਤੇ ਲੋੜੀਂਦੀਆਂ ਸੇਵਾਵਾਂ ਤੱਕ ਪਹੁੰਚ ਮਿਲਦੀ ਹੈ।

- **ਲਚਕਦਾਰ ਘੰਟੇ:**

  ਸਾਡੇ ਕੇਂਦਰ ਲਚਕਤਾ ਪ੍ਰਦਾਨ ਕਰਦੇ ਹਨ ਅਤੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਖੁੱਲ੍ਹੇ ਰਹਿੰਦੇ ਹਨ (ਸਕੂਲ ਦੀਆਂ ਛੁੱਟੀਆਂ ਸਮੇਤ)। ਇਹ ਵੀਕਐਂਡ ਅਤੇ ਜਨਤਕ ਛੁੱਟੀਆਂ ਵਾਲੇ ਦਿਨ ਬੰਦ ਰਹਿੰਦੇ ਹਨ।

- **ਸਸਤੀ ਦੇਖਭਾਲ:**

  ਰੋਜ਼ਾਨਾ ਦੇ ਹਿਸਾਬ ਨਾਲ ਫ਼ੀਸ ਲਾਗੂ ਹੁੰਦੀ ਹੈ, ਪਰ ਆਸਟ੍ਰੇਲੀਆਈ ਸਰਕਾਰ ਦੀ ਚਾਈਲਡ ਕੇਅਰ ਸਬਸਿਡੀ ਅਤੇ ਵਿਕਟੋਰੀਆ ਦੀ ਮੁਫ਼ਤ ਕਿੰਡਰ ਫੰਡਿੰਗ ਰਾਹੀਂ ਸਹਾਇਤਾ ਉਪਲਬਧ ਹੈ।

- **ਸਿਹਤਮੰਦ ਭੋਜਨ ਵਿੱਚ ਸ਼ਾਮਲ ਹਨ:**

  ਬੱਚਿਆਂ ਨੂੰ ਹਰ ਰੋਜ਼ ਤਾਜ਼ਾ ਤਿਆਰ ਕੀਤੇ ਪੌਸ਼ਟਿਕ ਖਾਣੇ ਅਤੇ ਨਾਸ਼ਤੇ ਮਿਲਦੇ ਹਨ, ਜੋ ਸਾਡੇ ਸਥਾਨ 'ਤੇ ਮੌਜੂਦ ਪੇਸ਼ੇਵਰ ਰਸੋਈਏ ਤਿਆਰ ਕਰਦੇ ਹਨ, ਇਹ ਸਭ ਕੁੱਝ ਰੋਜ਼ਾਨਾ ਫ਼ੀਸ ਵਿੱਚ ਸ਼ਾਮਲ ਹੁੰਦਾ ਹੈ।

# ਇਹ ਸਟੇਕਹੋਲਡਰ ਪੈਕ ਕਿਉਂ ਮਾਇਨੇ ਰੱਖਦਾ ਹੈ?

ਸਾਰੇ ਵਿਕਟੋਰੀਆ ਵਾਸੀਆਂ ਲਈ ਉੱਚ-ਗੁਣਵੱਤਾ ਵਾਲੀ ਸ਼ੁਰੂਆਤੀ ਸਿੱਖਿਆ ਤੱਕ ਪਹੁੰਚ ਮਹੱਤਵਪੂਰਨ ਹੈ ਅਤੇ ਇਹ ਸਟੇਕਹੋਲਡਰ ਪੈਕ ਭਾਈਚਾਰਿਆਂ ਨੂੰ ਇਹ ਸਮਝਣ ਵਿੱਚ ਮੱਦਦ ਕਰਨ ਲਈ ਤਿਆਰ ਕੀਤਾ ਗਿਆ ਹੈ:

- ਆਪਣੇ ਬੱਚੇ ਨੂੰ ਅਰਲੀ ਲਰਨਿੰਗ ਵਿਕਟੋਰੀਆ ਸੈਂਟਰ ਵਿੱਚ ਦਾਖ਼ਲ ਕਰਵਾਉਣ ਦੇ ਫਾਇਦੇ
- ਕਿਵੇਂ ਦਾਖਲਾ ਲੈਣਾ ਹੈ?
- ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਇਹ ਸਟੇਕਹੋਲਡਰ ਪੈਕ ਅੰਗਰੇਜ਼ੀ ਵਿੱਚ ਵੀ ਉਪਲਬਧ ਹੈ।

Early Learning Victoria

# ਕਿਵੇਂ ਦਾਖਲਾ ਲੈਣਾ ਹੈ?

- **ਅਰਜ਼ੀਆਂ:**

  www.earlylearning.vic.gov.au/enrol

  (ਤੁਹਾਨੂੰ ਸਾਡੀ ਦਾਖਲਾ ਵੈੱਬਸਾਈਟ ‘ਤੇ ਇੱਕ ਖਾਤਾ ਬਣਾਉਣਾ ਪਵੇਗਾ)।

- **ਸਵਾਲ?**

  ਸਾਡਾ ਸਟਾਫ਼ ਦਾਖਲਾ ਲੈਣ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ ਜਾਂ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ।

- **ਸਾਡੇ ਨਾਲ ਸੰਪਰਕ ਕਰੋ:**

  elv@education.vic.gov.au ‘ਤੇ ਈਮੇਲ ਭੇਜੋ।

  ਅਰਲੀ ਲਰਨਿੰਗ ਵਿਕਟੋਰੀਆ ਨੂੰ **03 9057 4444** 'ਤੇ ਫ਼ੋਨ ਕਰੋ।

  ਸਾਡੀ ਵੈੱਬਸਾਈਟ www.earlylearning.vic.gov.au 'ਤੇ ਜਾਓ।



# ਤੁਸੀਂ ਕਿਵੇਂ ਮੱਦਦ ਕਰ ਸਕਦੇ ਹੋ?

ਇਹ ਸਟੇਕਹੋਲਡਰ ਪੈਕ ਭਾਈਚਾਰਿਆਂ ਨੂੰ ਅਰਲੀ ਲਰਨਿੰਗ ਵਿਕਟੋਰੀਆ ਬਾਰੇ ਹੋਰ ਜਾਣਨ ਅਤੇ ਬੱਚਿਆਂ ਨੂੰ ਅਰਲੀ ਲਰਨਿੰਗ ਵਿਕਟੋਰੀਆ ਕੇਂਦਰ ਵਿੱਚ ਦਾਖਲ ਕਰਵਾਉਣ ਲਈ ਤਿਆਰ ਕੀਤਾ ਗਿਆ ਹੈ। ਤੁਸੀਂ ਇਨ੍ਹਾਂ ਰਾਹੀਂ ਮੱਦਦ ਕਰ ਸਕਦੇ ਹੋ:

- **ਗੱਲਬਾਤ ਕਰਕੇ**

  ਆਪਣੇ ਭਾਈਚਾਰੇ ਨੂੰ ਅਰਲੀ ਲਰਨਿੰਗ ਵਿਕਟੋਰੀਆ ਨਾਲ ਜਾਣੂ ਕਰਵਾਉਣ ਲਈ ਗੱਲਬਾਤ ਦੇ ਬਿੰਦੂਆਂ ਦੀ ਵਰਤੋਂ ਕਰੋ ਜਾਂ ਆਡੀਓ ਰਿਕਾਰਡਿੰਗ ਚਲਾਓ।

- **ਜਾਣਕਾਰੀ ਸਮੱਗਰੀ ਵੰਡ ਕੇ**

  ਦਾਖਲਾ ਫਲਾਇਰ ਅਤੇ ਪੋਸਟਕਾਰਡ ਦੇ ਛਾਪੇ ਹੋਏ ਜਾਂ ਡਿਜ਼ਿਟਲ ਸੰਸਕਰਣਾਂ ਆਪਣੇ ਮੇਲ-ਜੋਲ ਵਾਲੇ ਲੋਕਾਂ ਨਾਲ ਸਾਂਝੇ ਕਰੋ।

- **ਸੋਸ਼ਲ ਮੀਡੀਆ 'ਤੇ ਸਾਂਝਾ ਕਰਕੇ**

  ਵਰਤੋਂ ਲਈ ਤਿਆਰ ਸੋਸ਼ਲ ਟਾਈਲਾਂ ਨੂੰ ਆਪਣੀ ਸੰਸਥਾ ਦੇ ਸੋਸ਼ਲ ਮੀਡੀਆ ਖਾਤਿਆਂ 'ਤੇ ਪੋਸਟ ਕਰੋ।

# ਗੱਲਬਾਤ ਦੇ ਨੁਕਤੇ ਅਤੇ ਆਡੀਓ ਰਿਕਾਰਡਿੰਗਾਂ

ਇਹ ਗੱਲਬਾਤ ਦੇ ਬਿੰਦੂ ਵਰਤੋ ਜਾਂ ਆਡੀਓ ਰਿਕਾਰਡਿੰਗ ਚਲਾ ਕੇ ਇਹ ਸਮਝਾਓ:

- ਅਰਲੀ ਲਰਨਿੰਗ ਵਿਕਟੋਰੀਆ ਕੀ ਹੈ?
- ਬੱਚਿਆਂ ਦੀ ਸਿੱਖਿਆ ਅਤੇ ਵਿਕਾਸ ਨੂੰ ਕਿਵੇਂ ਸਹਿਯੋਗ ਦਿੱਤਾ ਜਾਂਦਾ ਹੈ?
- ਦਾਖਲਾ ਪ੍ਰਕਿਰਿਆ

ਡਾਊਨਲੋਡ ਕਰਨ ਲਈ ਹੇਠਾਂ ਦਿੱਤੇ ਲਿੰਕਾਂ 'ਤੇ ਕਲਿੱਕ ਕਰੋ: **ਗੱਲ ਕਰਨ ਦੇ ਨੁਕਤੇ** ਅਤੇ **ਆਡੀਓ ਰਿਕਾਰਡਿੰਗ**।

ਗੱਲਬਾਤ ਕਰਨ ਦੇ ਨੁਕਤੇ ਅੰਗਰੇਜ਼ੀ ਵਿੱਚ ਵੀ ਉਪਲਬਧ ਹਨ।

Early Learning Victoria

# ਸਰੋਤ

ਇਸ ਦਿੱਤੇ ਗਏ ਦਾਖਲਾ ਫਲਾਇਰ ਅਤੇ ਪੋਸਟਕਾਰਡ ਨੂੰ ਪ੍ਰਿੰਟ ਅਤੇ ਔਨਲਾਈਨ ਦੋਵੇਂ ਤਰੀਕਿਆਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ।
ਇਹ ਸਰੋਤ ਕਮਿਊਨਿਟੀ ਸੈਂਟਰਾਂ ਜਾਂ ਸਥਾਨਕ ਸਮਾਗਮਾਂ ਵਿੱਚ ਵੰਡੇ ਜਾ ਸਕਦੇ ਹਨ।
ਔਨਲਾਈਨ ਸੰਸਕਰਣਾਂ ਨੂੰ PDF ਦੇ ਰੂਪ ਵਿੱਚ ਈਮੇਲ ਕੀਤਾ ਜਾ ਸਕਦਾ ਹੈ ਜਾਂ ਵੈੱਬਸਾਈਟਾਂ 'ਤੇ ਪੋਸਟ ਕੀਤਾ ਜਾ ਸਕਦਾ ਹੈ।

ਡਾਊਨਲੋਡ ਕਰਨ ਲਈ ਹੇਠਾਂ ਦਿੱਤੇ ਲਿੰਕਾਂ 'ਤੇ ਕਲਿੱਕ ਕਰੋ: ਦਾਖਲਾ ਫਲਾਇਰ ਅਤੇ ਪੋਸਟਕਾਰਡ

ਇਹ ਅੰਗਰੇਜ਼ੀ ਵਿੱਚ ਵੀ ਉਪਲਬਧ ਹਨ।



Early Learning Victoria

# ਸੋਸ਼ਲ ਮੀਡੀਆ ਸਮੱਗਰੀ

ਅਸੀਂ ਅਰਲੀ ਲਰਨਿੰਗ ਵਿਕਟੋਰੀਆ ਬਾਰੇ ਪੋਸਟ ਕਰਨਾ ਆਸਾਨ ਬਣਾ ਦਿੱਤਾ ਹੈ। ਤੁਸੀਂ ਆਪਣੇ ਭਾਈਚਾਰੇ ਦੇ ਮੁਤਾਬਕ ਸਾਡੀਆਂ ਸੋਸ਼ਲ ਮੀਡੀਆ ਟਾਈਲਾਂ ਦੀ ਵਰਤੋਂ ਕਰ ਸਕਦੇ ਹੋ ਜਾਂ ਉਨ੍ਹਾਂ ਵਿੱਚ ਫੇਰ-ਬਦਲ ਕਰ ਸਕਦੇ ਹੋ।

ਡਾਊਨਲੋਡ ਕਰਨ ਲਈ ਹੇਠ ਦਿੱਤੇ ਲਿੰਕ 'ਤੇ ਕਲਿੱਕ ਕਰੋ: ਸੋਸ਼ਲ ਮੀਡੀਆ ਟਾਇਲ

ਇਹ ਅੰਗਰੇਜ਼ੀ ਵਿੱਚ ਵੀ ਉਪਲਬਧ ਹੈ।





**ਅਰਲੀ ਲਰਨਿੰਗ ਵਿਕਟੋਰੀਆ ਬਾਰੇ ਹੋਰ ਜਾਣਕਾਰੀ ਲਈ, ਇੱਥੇ ਜਾਓ:**

earlylearning.vic.gov.au 'ਤੇ ਜਾਓ।

03 9057 4444 | elv@education.vic.gov.au

ਮੁਫ਼ਤ ਔਨ-ਸਾਈਟ, ਟੈਲੀਫ਼ੋਨ ਅਤੇ ਵੀਡੀਓ ਦੁਭਾਸ਼ੀਏ ਲਈ, ਇੱਥੇ ਜਾਓ:
vic.gov.au/use-interpreter-early-childhood-education-services

Early Learning Victoria